ਹੱਕ ਰਾਖਵੇਂ ।

# ਕੁਰਾਨ ਮਜੀਦ

g 4.136

ਵਿਚੋਂ

## ਸੂਰਤ ਬਕਰ

ਅਰਥਾਤ

ਪਾਰਾ, ਅਲਫ਼, ਲਾਮ, ਮੀਮ,
ਸਯਾਕੂਲੁ, ਤਿਲਕਰੱਸੂਲੁ

## ਟੀਕਾ ਟਿੱਪਣੀ ਸਹਿਤ

SARDAR DYAL SINGH LAHORE LIBRARY

ਵਲੋਂ

## ਭਾਈ ਸੇਵਾ ਸਿੰਘ ਜੀ

ਜੋ

ਵਜ਼ੀਰਹਿੰਦ ਪ੍ਰੈਸ ਹਾਲ ਬਾਜ਼ਾਰ ਅੰਮ੍ਰਿਤਸਰ
ਵਿਚ ਸੁਦਾਰ ਲਖਬੀਰ ਸਿੰਘ ਜੀ ਪ੍ਰਿੰਟਰ
ਦੇ ਯਤਨ ਨਾਲ ਛਪਿਆ ।

ਮੋਖ ੧)

# ਭੂਮਕਾ

ਕੁਰਾਨ ਮੁਸਲਮਾਨੀ ਮਤ ਦੀ ਮੂਲਾਧਾਰ ਪੁਸਤਕ ਹੈ ਤੇ ਮੁਸਲਮਾਨਾਂ ਦਾ ਨਿਸਚਾ ਹੈ ਕਿ ਇਹ ਪੁਸਤਕ ਸੰਸਾਰ ਦੇ ਰਚੇ ਜਾਣ ਤੋਂ ਪਹਿਲਾਂ 'ਲੋਹੇ ਮਹਫੂਜ਼' ਤੇ ਲਿਖੀ ਹੋਈ ਸੀ ਜੋ ਮੁਹੰਮਦ ਸਾਹਿਬ ਤੇ ਜਬਰਾਈਲ ਫਰਿਸ਼ਤੇ ਦੀ ਰਾਹੀਂ ਉਤਰੀ*, ਮੁਹੰਮਦ ਸਾਹਿਬ ਅਰਬ ਦੇ ਵਸਨੀਕ ਸਨ, ਕੁਰਾਨ ਅਰਬੀ ਭਾਸ਼ਾ ਵਿਚ ਹੈ।

ਪੰਜਾਬੀਆਂ ਦੇ ਲਾਭ ਹਿਤ ਮੂਲ ਕੁਰਾਨ (ਅਰਬੀ ਭਾਸ਼ਾ) ਗੁਰਮੁਖੀ ਅੱਖਰਾਂ ਤੇ ਉਹਦੀ ਟੀਕਾ ਪੰਜਾਬੀ ਭਾਸ਼ਾ ਵਿਚ ਦਿੱਤੀ ਗਈ ਹੈ, ਤਾਂਕਿ ਸੂਵ ਸਾਧਾਰਨ ਨੂੰ ਮਲੂਮ ਹੋ ਸਕੇ ਕਿ ਕੁਰਾਨ ਵਿਚ ਕੀ ਲਿਖਿਆ ਹੈ।

ਜਿਨ੍ਹਾਂ ਲੋਕਾਂ ਨੂੰ ਕਿਸੇ ਭਾਸ਼ਾ ਦਾ ਵੀ ਗਜਾਨ ਹੈ, ਓਹਨਾਂ ਤੋਂ ਇਹ ਗੱਲ ਲੁਕੀ ਹੋਈ ਨਹੀਂ ਕਿ ਇਕ ਇਕ ਸ਼ਬਦ ਦੇ ਦੋ ਦੋ, ਚਾਰ ਚਾਰ ਤੇ ਕਈ ਵੇਰ ਇਸਤੋਂ ਵੀ ਵਧੀਕ ਅਰਥ ਹੁੰਦੇ ਹਨ ਤੇ ਉਹ ਅਰਥ ਕਈ ਸੂਰਤਾਂ ਵਿਚ ਇਕ ਦੂਜੇ ਤੋਂ ਉੱਕਾ ਹੀ ਉਲਟ ਹੁੰਦੇ ਹਨ, ਜਿਸਤੋਂ ਇਕ ਇਕ ਤੁਕ ਦੇ ਵਿਦਵਾਨ ਕਈ ਕਈ ਅਰਥ ਕਰ ਲੈਂਦੇ ਹਨ। ਕੁਰਾਨ ਦੀਆਂ ਆਇਤਾਂ ਦੇ ਵੀ ਅਜੇਹੇ ਅਰਥ ਹੋਏ ਹੋਏ ਹਨ ਜਿਨ੍ਹਾਂ ਵਿਚ ਮੁਸਲਮਾਨ ਵਿਦਵਾਨਾਂ ਦਾ ਆਪੋ ਵਿਚ ਕਾਫੀ ਮਤ ਭੇਦ ਹੈ, ਇਸ ਵਾਸਤੇ

---

*ਕੁਰਾਨ ਕਿਸ ਨੇ ਬਣਾਇਆ ਤੇ ਕਿਹੁਣ ਬਣਾਇਆ ਹੈ ? ਇਹ ਵੇਖਣ ਲਈ ਤੱਕੋ ਮੇਰੀ ਪੁਸਤਕ "ਕੁਰਾਨ ਦੀ ਕਹਾਣੀ" ਮੋਖ ॥) ਤੇ ਮੁਹੰਮਦ ਸਾਹਿਬ ਦਾ ਜੀਵਨ ਮੁਲ ੧)

ਮੇਰੇ ਸਾਹਮਣੇ ਜੋ ਸਭ ਤੋਂ ਔਖਾ ਪ੍ਰਸ਼ਨ ਸੀ, ਉਹ ਇਹ ਸੀ ਕਿ ਕੇਹੜੇ ਮੁਸਲਮਾਨ ਵਿਦਵਾਨ ਦਾ ਟੀਕਾ ਦਿੱਤਾ ਜਾਏ ਜੋ ਸਾਰੇ ਨਹੀਂ ਤਾਂ ਬਹੁਤੇ ਮੁਸਲਮਾਨਾਂ ਦੇ ਖਿਆਲ ਵਿਚ ਪ੍ਰਮਾਣੀਕ ਹੋਵੇ, ਸੋ ਕਾਫੀ ਸੋਚ ਵਿਚਾਰ ਮਗਰੋਂ 'ਰਫੀਅਉੱਦੀਨ ਸਾਹਿਬ ਦੇਹਲਵੀ'–ਜੋਕਿ ਇਕ ਮਸ਼ਹੂਰ ਤੇ ਮੰਨੇ ਪ੍ਰਮੰਨੇ ਵਿਦਵਾਨ ਹੋਏ ਹਨ–ਜੀ ਦਾ ਟੀਕਾ ਦਿੱਤਾ ਗਿਆ ਹੈ, ਤਾਂਕਿ ਕਿਸੇ ਮੁਸਲਮਾਨ ਵੀਰ ਨੂੰ ਇਸਤੇ ਕਿੰਤੂ ਕਰਨ ਦਾ ਅਵਸਰ ਨਾ ਮਿਲੇ।

ਕੁਰਾਨ ਦੀ ਵੰਡ ਸੂਰਤਾਂ, ਪਾਰੇ, ਰਕੂਅ ਤੇ ਆਇਤਾਂ ਵਿਚ ਕੀਤੀ ਗਈ ਹੈ, ਇਹ ਕੁਰਾਨ ਦੀ ਪਹਿਲੀ ਸੂਰਤ 'ਬਕਰ' ਹੈ ਤੇ ਇਹਦੇ ਵਿਚ ੨੮੬ ਆਇਤਾਂ ਹਨ।

ਕੁਰਾਨ ਵਿਚ ਕਈ ਲਫਜ਼ ਅਜੇਹੇ ਹਨ ਜੋ ਲਿਖਣ ਵਿਚ ਤਾਂ ਆਉਂਦੇ ਹਨ, ਕਿੰਤੂ ਪੜ੍ਹਨ ਲੱਗਿਆਂ ਓਹਨਾਂ ਨੂੰ ਨਹੀਂ ਪੜ੍ਹੀਦਾ। ਮੈਂ ਕੁਰਾਨ ਦਾ ਮੂਲ ਉਸੇ ਢੰਗ ਨਾਲ ਦਿੱਤਾ ਹੈ ਜਿਸਤਰਾਂ ਕਿ ਕੁਰਾਨ ਪੜ੍ਹਿਆ ਜਾਂਦਾ ਹੈ।

ਅੰਮ੍ਰਿਤਸਰ } ਸੇਵਾ ਸਿੰਘ

# ਕੁਰਾਨ ਮਜੀਦ

## ਸੂਰਤੁ ਫਾਤਿਹਾ

[ਮਕੀ, ਰਕੂਅ ੧, ਆਇਤਾਂ ੭]

**ਬਿਸਮਿਲੱਾਹਿ–ਰੱਹਮਾਨਿ–ਰੱਹੀਮ ॥ ੧ ॥**

ਸ਼ੁਰੂ ਅੱਲਾ ਦੇ ਨਾਮ ਨਾਲ (ਜੋ) ਕ੍ਰਿਪਾਲੂ ਤੇ ਰੈਹਮ ਵਾਲਾ ਹੈ ॥੧॥

**ਅਲਹਮਦੁ ਲਿਲੱਾਹਿ ਰਬਿੱਲ ਆਲਮੀਨ ॥੨॥**

ਸਾਰੀਆਂ ਮਹਮਾਂ ਅੱਲਾ ਵਾਸਤੇ ਹਨ, ਜੋ ਸਾਰਿਆਂ ਜਹਾਨਾਂ ਦਾ ਪਾਲਣ ਵਾਲਾ (ਹੈ) ॥ ੨ ॥

**ਅਰੱਹਮਾਨਿ–ਰੱਹੀਮ ॥ ੩ ॥**

ਕ੍ਰਿਪਾਲੂ ਤੇ ਰੈਹਮ ਵਾਲਾ ॥ ੩ ॥

**ਮਾਲਿਕਿ ਯੌਮਿ–ਦੀਨ ॥੪॥**

ਮਾਲਕ (ਹੈ) ਜਜ਼ਾ ਦੇ ਦਿਨ* ਦਾ ॥ ੪ ॥

**ਇਯੱਾਕਾ ਨਅਬੁਦੋ ਵ ਇਯੱਾਕਾ ਨਸਤਾਈਨ॥੫॥**

ਅਸੀਂ ਤੇਰੀ ਹੀ ਭਗਤੀ ਕਰਦੇ ਹਾਂ ਅਤੇ ਅਸੀਂ ਤੈਥੋਂ ਹੀ ਸਹਾਇਤਾ ਮੰਗਦੇ ਹਾਂ ॥ ੫ ॥

**ਇਹ ਦਿਨ–ਸਿੱਰਾ ਤਵਲ ਮੁਸਤਕੀਮ ॥ ੬ ॥**

ਦੱਸ ਸਾਨੂੰ ਰਾਹ ਸਿੱਧੀ ॥ ੬ ॥

**ਸਿਰਾਤਵੱਲਜ਼ੀਨਾ ਅਨਅਮਤਾ ਅਲੈਹਿਮ੍ ਗ਼ੈਰਿਲ ਮਗ਼ਜ਼ੂਬਿ ਅਲੈ ਹਿਮ ਵਲ–ਜ਼ੱਵਾਲੀਨ ॥ ੭ ॥**

ਰਾਹ ਉਨ੍ਹਾਂ ਲੋਕਾਂ ਦੀ ਕਿ ਤੁਸਾਂ ਉਨ੍ਹਾਂ ਤੇ ਮੇਹਰ ਕੀਤੀ,ਉਨ੍ਹਾਂ ਦੀ ਨਾ ਜਿਨ੍ਹਾਂ ਤੇ ਕਹਿਰ ਕੀਤਾ ਅਤੇ ਨਾ ਕੁਰਾਹੀਆਂ ਦੀ ॥ ੭ ॥

---

*ਮੁਸਲਮਾਨਾਂ ਦੇ ਨਿਸਚੇ ਅਨੁਸਾਰ ਪ੍ਰਮਾਤਮਾਂ ਸਾਰੀ ਸ੍ਰਿਸ਼ਟੀ ਦਾ ਸ਼ਿੰਗਾਰ ਕਰਕੇ ਇਕ ਦਿਨ ਤਖਤ ਤੇ ਬੈਠੇਗਾ, ਸਾਰੇ ਮੁਰਦੇ ਜੀ ਉਠਣਗੇ ਓਹਨਾਂ ਦੇ ਚੰਗੇ ਤੇ ਮੰਦੇ ਕੀਤੇ ਹੋਏ ਕੰਮਾਂ ਦਾ ਓਦੋਂ ਨਬੇੜਾ ਹੋ ਸੁਖ ਦੁਖ ਮਿਲੇਗਾ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.